a2zpapers.com

www.a2zpapers.com

**Exam. Code : 112101**
**Subject Code : 5046**

**B.Design (Multimedia) 1st Semester**

**PUNJABI COMPULSORY**

**Paper–VII (i)**

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. 'ਨਾਰੀ ਸ਼ਕਤੀ' ਲੇਖ ਦਾ ਸਾਰ ਲਿਖੋ।

**ਜਾਂ**

2. 'ਏਡਜ਼ : ਇੱਕ ਗੰਭੀਰ ਸੰਕਟ' ਲੇਖ ਦਾ ਵਿਸ਼ਾ-ਵਸਤੂ ਲਿਖੋ। 10

3. ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੰਨਦਾਤਾ' ਦਾ ਵਿਸ਼ਾ-ਵਸਤੂ ਲਿਖੋ।

**ਜਾਂ**

4. ਪਾਸ਼ ਦੀ ਕਵਿਤਾ 'ਸਭ ਤੋਂ ਖ਼ਤਰਨਾਕ' ਦਾ ਸਾਰ ਲਿਖੋ। 10

5. ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

(ੳ) ਪੰਜਾਬੀ ਸੱਭਿਆਚਾਰ

(ਅ) ਇੰਟਰਨੈੱਟ ਦਾ ਮਹੱਤਵ

(ੲ) ਪ੍ਰਦੂਸ਼ਣ ਦੀ ਸਮੱਸਿਆ। 5



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹਕੇ ਦਿਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਕਵਿਤਾ ਤੇ ਵਾਰਤਕ ਸਾਹਿਤ ਦੇ ਦੋ ਮੁੱਖ ਰੂਪ ਹਨ। ਜਿਥੇ ਕਵਿਤਾ ਲਈ ਛੰਦ ਤੇ ਤੁਕਾਂਤ ਆਵੱਸ਼ਕ ਹਨ; ਉੱਥੇ ਵਾਰਤਕ ਲਈ ਲੈਅ, ਤਾਲ ਤੇ ਵਾਕ-ਰਚਨਾ ਜ਼ਰੂਰੀ ਅੰਗ ਹਨ। ਵਿਚਾਰ ਅਤੇ ਸੋਚ-ਉਡਾਰੀ ਦੋਹਾਂ ਲਈ ਸਾਂਝੇ ਤੱਤ ਹਨ। ਪ੍ਰਾਚੀਨ ਸਮਿਆਂ ਵਿੱਚ ਕਿਸੇ ਵੀ ਸਾਹਿਤਕ ਰਚਨਾ ਨੂੰ 'Poetry' (ਪੋਇਟਰੀ) ਕਿਹਾ ਜਾਂਦਾ ਸੀ। ਵਾਰਤਕ ਸ਼ਬਦ ਲਾਤੀਨੀ ਭਾਸ਼ਾ ਦੇ 'Prose' ਜਾਂ 'Prosos' ਦਾ ਪਰਿਆਇ-ਵਾਚੀ ਹੈ, ਜਿਸ ਦੇ ਅਰਥ ਹਨ ਸਿੱਧੀ ਗੱਲ ਜਾਂ ਸ਼ਬਦਾਂ ਦੀ ਸਿੱਧੀ ਸਾਦੀ ਬਣਤਰ, ਜਿਹੜੀ ਛੰਦਾਬੰਦੀ ਤੋਂ ਮੁਕਤ ਹੋਵੇ। ਅਰਬੀ ਫਾਰਸੀ ਵਿੱਚ ਵਾਰਤਕ ਨੂੰ ਨਸਰ ਕਹਿੰਦੇ ਹਨ। ਐਨਸਾਈਕੋਪੀਡੀਆ ਬ੍ਰਿਟੈਨਿਕਾ ਅਨੁਸਾਰ ਮਨੁੱਖ ਦੇ ਉਨਾਂ ਸਾਫ਼ ਤੇ ਸਿੱਧੇ ਬਚਨਾਂ ਨੂੰ 'ਪਰੋਜ਼' (ਵਾਰਤਕ) ਕਿਹਾ ਜਾਂਦਾ ਹੈ ਜਿਨ੍ਹਾਂ ਨੂੰ ਸਿਰਜਣ ਅਤੇ ਅੰਕਿਤ ਕਰਨ ਲਈ ਕਵਿਤਾ ਦੇ ਨਿਯਮਾਂ ਦੀ ਲੋੜ ਨਾ ਪਵੇ।

**ਪ੍ਰਸ਼ਨ :**

(ੳ) ਉਪਰੋਕਤ ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਉ।

(ਅ) ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿੱਚ ਵਾਰਤਕ ਦੀ ਕੀ ਪਰਿਭਾਸ਼ਾ ਦਿੱਤੀ ਗਈ ਹੈ ?

(ੲ) ਸਾਹਿਤ ਦੇ ਦੋ ਮੁੱਖ ਰੂਪ ਕਿਹੜੇ ਹਨ ?

(ਸ) ਕਵਿਤਾ ਅਤੇ ਵਾਰਤਕ ਦੇ ਸਾਂਝੇ ਤੱਤ ਕਿਹੜੇ ਹਨ ?

(ਹ) ਪ੍ਰਾਚੀਨ ਸਮਿਆਂ ਵਿੱਚ ਪੋਇਟਰੀ ਕਿਸ ਨੂੰ ਕਿਹਾ ਜਾਂਦਾ ਸੀ ? 5×1=5



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

7. ਸਵਰ ਅਤੇ ਵਿਅੰਜਨ ਵਿੱਚ ਅੰਤਰ ਕਰਦੇ ਹੋਏ ਪੰਜਾਬੀ ਸਵਰਾਂ ਦਾ ਵਰਗੀਕਰਨ ਕਰੋ।

**ਜਾਂ**

ਭਾਸ਼ਾ ਅਤੇ ਉਪਭਾਸ਼ਾ ਦਾ ਅੰਤਰ ਸਪਸ਼ਟ ਕਰੋ। 10

8. ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ ਦਿਉ :

(ੳ) ਮਾਤ ਭਾਸ਼ਾ ਦੀ ਪਰਿਭਾਸ਼ਾ ਲਿਖੋ।

(ਅ) ਮਾਤ ਭਾਸ਼ਾ ਦੇ ਦੂਜੀ ਭਾਸ਼ਾ ਵਜੋਂ ਅਧਿਆਪਨ ਦੀਆਂ ਸਮੱਸਿਆਵਾਂ ਲਿਖੋ।

(ੲ) ਮਾਤ ਭਾਸ਼ਾ ਦੇ ਪਹਿਲੀ ਭਾਸ਼ਾ ਵਜੋਂ ਅਧਿਆਪਨ ਦੇ ਉਦੇਸ਼ ਲਿਖੋ।

(ਸ) ਮਾਤ ਭਾਸ਼ਾ ਦੇ ਦੂਜੀ ਭਾਸ਼ਾ ਵਜੋਂ ਅਧਿਆਪਨ ਦਾ ਮਹੱਤਵ ਲਿਖੋ। 2×5=10



www.a2zpapers.com www.a2zpapers.com
oad free old Question papers gndu, ptu hp board, punjab